**ਦਫਤਰ ਚੇਅਰਮੈਨ, ਸਿੱਖਿਆ ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।**
**ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ-3ਬੀ-1, ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

## ਪਬਲਿਕ ਨੋਟਿਸ

ਰਾਸਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸੇਅਰਿੰਗ ਪੈਟਰਨ ਤੇ ਮਾਡਲ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆ ਦੇ ਪੀ.ਜੀ.ਟੀ ਅਤੇ ਟੀ.ਜੀ.ਟੀ ਅਤੇ ਮਿਡਲ ਤੋ ਹਾਈ ਅਪਗਰੇਡ ਹੋਏ 264 ਸਕੂਲਾਂ (ਰਮਸਾ ਸਕੂਲਾਂ) ਲਈ 764 ਵਿਸ਼ਾਵਾਰ ਅਧਿਆਪਕਾਂ ਦੀਆਂ ਠੇਕਾ ਆਧਾਰਿਤ ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋ ਵਿਭਾਗ ਦੀ ਵੈਬਸਾਈਟ http://rmsa.ssapunjab.org ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ: 01-10-2013 (ਇਸ਼ਤਿਹਾਰ ਜੱਗ ਬਾਣੀ/ ਹਿੰਦੋਸਤਾਨ ਟਾਈਮਜ਼ ਅਖਬਾਰਾਂ) ਨੂੰ ਕੀਤੀ ਗਈ ਸੀ ਅਤੇ ਉਮੀਦਵਾਰਾਂ ਨੂੰ ਮਿਤੀ 31.10.2013 ਤੱਕ ਆਨ-ਲਾਈਨ ਅਪਲਾਈ ਕਰਨ ਦਾ ਮੌਕਾ ਦਿੱਤਾ ਗਿਆ ਸੀ।ਇਹਨਾਂ ਅਸਾਮੀਆਂ ਵਿੱਚ ਸੋਧ ਕਰਦੇ ਹੋਏ ਕੈਟਾਗਰੀ ਵਾਈਜ਼ ਵੰਡ ਵਿਭਾਗ ਦੀ ਵੈਬਸਾਈਟ ਤੇ http://rmsa.ssapunjab.org ਅਪਲੋਡ ਕਰ ਦਿੱਤੀ ਗਈ ਸੀ ਅਤੇ ਨਾਲ ਹੀ ਯੋਗ ਉਮੀਦਵਾਰਾਂ (ਜਿਹੜੇ ਉਮੀਦਵਾਰ ਪਹਿਲਾ ਅਪਲਾਈ ਨਹੀ ਕਰ ਸਕੇ) ਨੂੰ ਵਿਭਾਗ ਵੱਲੋ ਮਿਤੀ: 27-11-2013 ਤੱਕ ਸ਼ਾਮ ਦੇ 5-00 ਵਜੇ ਆਨਲਾਈਨ ਦਰਖਾਸਤਾਂ ਅਪਲਾਈ ਕਰਨ ਦਾ ਇੱਕ ਮੌਕਾ ਦਿੱਤਾ ਗਿਆ ਸੀ।ਉਮੀਦਵਾਰਾਂ ਵੱਲੋਂ ਆਨ-ਲਾਈਨ ਭਰੇ ਗਏ ਡਾਟੇ ਦੇ ਅਧਾਰ ਤੇ ਪ੍ਰੋਵੀਜ਼ਨਲ ਮੈਰਿਟ ਬਣਾ ਕੇ ਆਸਾਮੀਆਂ ਦੇ ਤਿੰਨ ਗੁਣਾ ਉਮਿਦਵਾਰਾਂ ਨੂੰ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਮਿਤੀ 09.12.2013 ਤੋਂ 31.12.2013 ਤੱਕ, ਮਿਤੀ 06.02.2014 ਤੋਂ 12.02.2014 ਤੱਕ, ਮਿਤੀ 12.03.2014 ਤੋਂ 14.03.2014 ਅਤੇ ਮਿਤੀ 12.05.2014 ਤੋਂ 14.05.2014 ਤੱਕ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ, 3ਬੀ-1,ਐਸ.ਏ.ਐਸ ਨਗਰ ਵਿਖੇ ਸੱਦਾ ਦਿੱਤਾ ਗਿਆ ਸੀ।ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ,ਉਪਰੋਕਤ ਮਿਤੀਆਂ ਨੂੰ ਗੈਰ-ਹਾਜ਼ਰ ਉਮੀਦਵਾਰਾਂ ਨੂੰ ਮਿਤੀ 21.07.2014 ਤੋਂ 05.08.2014 ਤੱਕ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦੁਬਾਰਾ ਮੌਕਾ ਦਿੱਤਾ ਗਿਆ ਸੀ।

ਸਿੱਖਿਆ ਭਰਤੀ ਬੋਰਡ ਵੱਲੋਂ ਜਿਹਨਾਂ ਉਮੀਦਵਾਰਾਂ ਨੇ ਪੰਜਾਬ ਤੋਂ ਬਾਹਰਲੇ ਰਾਜਾਂ ਤੋਂ ਡਿਸਟੈਂਸ ਮੋਡ ਰਾਹੀਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ, ਉਹਨਾਂ ਸਾਰੇ ਉਮੀਦਵਾਰਾਂ ਨੂੰ ਸਵੈ-ਘੋਸ਼ਣਾ ਭਰਵਾਉਣ ਲਈ ਮਿਤੀ 11.08.2014, ਮਿਤੀ 21.08.2014 ਅਤੇ ਮਿਤੀ 22.08.2014 ਨੂੰ ਸ਼ਾਮ 05:00 ਵਜੇ ਤੱਕ ਸੱਦਾ ਦਿੱਤਾ ਗਿਆ ਸੀ।ਇਹਨਾਂ ਡਿਗਰੀਆਂ ਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਪੱਤਰ ਨੰ DEB/QMC/2013 DATED 23.08.2013 ਅਤੇ ਪਬਲਿਕ ਨੋਟਿਸ ਨੰਬਰ F.27-1/2012(CPP-II) DATED 27 JUNE 2013 ਅਨੁਸਾਰ ਉਮੀਦਵਾਰਾਂ ਵੱਲੋਂ ਭਰੇ ਗਏ ਸਵੈ-ਘੋਸ਼ਣਾ ਦੇ ਅਧਾਰ ਤੇ ਕਾਰਵਾਈ ਕੀਤੀ ਗਈ ਹੈ।

ਇਸ ਉਪਰੰਤ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਵਿੱਚ ਪ੍ਰਾਪਤ ਕੀਤੇ ਅੰਕਾਂ ਦੀ ਮੈਰਿਟ ਹੇਠ ਲਿਖੇ ਕਰਾਈਟੀਰੀਏ ਅਨੁਸਾਰ ਬਣਾਈ ਗਈ ਹੈ:-

1. ਮਾਡਲ ਸਕੂਲਾਂ ਵਿੱਚ ਪੀ.ਜ਼ੀ.ਟੀ ਦੀ ਆਸਾਮੀ ਲਈ ਚੋਣ ਵਿਧੀ :-

| ਲੜੀ ਨੰ | ਯੋਗਤਾ | ਵੇਟਿਜ / ਅੰਕ |
|---|---|---|
| 1. | ਗਰੈਜੂਏਸ਼ਨ | 20 ਪ੍ਰਤੀਸ਼ਤ |
| 2. | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ) | 50 ਪ੍ਰਤੀਸ਼ਤ |
| 3. | ਬੀ.ਐਡ (ਸਬੰਧਤ ਵਿਸ਼ੇ ਵਿੱਚ) | 20 ਪ੍ਰਤੀਸ਼ਤ |
| 4. | ਐਮ.ਫਿਲ (ਸਬੰਧਤ ਵਿਸ਼ੇ ਵਿੱਚ) | 5 ਪ੍ਰਤੀਸ਼ਤ |
| 5. | ਪੀ.ਐਚ.ਡੀ | 5 ਅੰਕ |
| | ਕੁੱਲ ਅੰਕ | 100 |

2. ਮਾਡਲ ਸਕੂਲਾਂ ਵਿੱਚ ਟੀ.ਜੀ.ਟੀ ਦੀ ਆਸਾਮੀ ਲਈ ਚੋਣ ਵਿਧੀ :-

| ਲੜੀ ਨੰ | ਯੋਗਤਾ | ਵੇਟਿਜ / ਅੰਕ |
|---|---|---|
| 1. | ਗਰੈਜੂਏਸ਼ਨ | 30 ਪ੍ਰਤੀਸ਼ਤ |
| 2. | ਬੀ.ਐਡ (ਸਬੰਧਤ ਵਿਸ਼ੇ ਵਿੱਚ) | 30 ਪ੍ਰਤੀਸ਼ਤ |
| 3. | ਪੰਜਾਬ ਸਰਕਾਰ ਦੁਆਰਾ ਲਿਆ ਗਿਆ ਟੀ.ਈ.ਟੀ. ਪੇਪਰ-2 ਵਿਚੋਂ ਪ੍ਰਾਪਤ ਅੰਕਾ ਦਾ | 20 ਪ੍ਰਤੀਸ਼ਤ |
| 4. | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ) | 10 ਪ੍ਰਤੀਸ਼ਤ |
| 5. | ਐਮ.ਫਿਲ (ਸਬੰਧਤ ਵਿਸ਼ੇ ਵਿੱਚ) | 5 ਪ੍ਰਤੀਸ਼ਤ |
| 6. | ਪੀ.ਐਚ.ਡੀ | 5 ਅੰਕ |
| | ਕੁੱਲ ਅੰਕ | 100 |

3. ਰਮਸਾ ਸਕੂਲਾਂ ਵਿੱਚ ਟੀ.ਜੀ.ਟੀ ਦੀ ਆਸਾਮੀ ਲਈ ਚੋਣ ਵਿਧੀ :-

| ਲੜੀ ਨੰ | ਯੋਗਤਾ | ਵੇਟਿਜ / ਅੰਕ |
|---|---|---|
| 1. | ਗਰੈਜੂਏਸ਼ਨ | 30 ਪ੍ਰਤੀਸ਼ਤ |
| 2. | ਬੀ.ਐਡ (ਸਬੰਧਤ ਵਿਸ਼ੇ ਵਿੱਚ) | 30 ਪ੍ਰਤੀਸ਼ਤ |
| 3. | ਪੰਜਾਬ ਸਰਕਾਰ ਦੁਆਰਾ ਲਿਆ ਗਿਆ ਟੀ.ਈ.ਟੀ. ਪੇਪਰ-2 ਵਿਚੋਂ ਪ੍ਰਾਪਤ ਅੰਕਾ ਦਾ | 20 ਪ੍ਰਤੀਸ਼ਤ |
| 4. | ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ) | 10 ਪ੍ਰਤੀਸ਼ਤ |
| 5. | ਐਮ.ਫਿਲ (ਸਬੰਧਤ ਵਿਸ਼ੇ ਵਿੱਚ) | 5 ਪ੍ਰਤੀਸ਼ਤ |
| 6. | ਪੀ.ਐਚ.ਡੀ | 5 ਅੰਕ |
| | ਕੁੱਲ ਅੰਕ | 100 |

ਵਿਭਾਗ ਵੱਲੋਂ ਉਮੀਦਵਾਰਾਂ ਦੇ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਉਪਰੰਤ ਕੁੱਲ ਆਸਾਮੀਆਂ ਦੇ ਤਿੰਨ ਗੁਣਾ ਹਾਇਰ ਮੈਰਿਟ ਵਾਲੇ ਯੋਗ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਵਿੱਚ ਪ੍ਰਾਪਤ ਅੰਕਾਂ ਅਨੁਸਾਰ ਬਣਾਈ ਗਈ ਪ੍ਰੋਵੀਜ਼ਨਲ ਮੈਰਿਟ ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਅਪਲੋਡ ਕਰ ਦਿੱਤੀ ਗਈ ਹੈ।ਜੇਕਰ ਕਿਸੇ ਵੀ ਉਮੀਦਵਾਰ ਨੂੰ ਆਪਣੀ ਮੈਰਿਟ ਸਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਉਮੀਦਵਾਰ ਮਿਤੀ 10.01.2015 ਤੱਕ ਦਫਤਰ ਸਿੱਖਿਆ ਭਰਤੀ ਬੋਰਡ, ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ਼-3ਬੀ-1, ਐਸ.ਏ.ਐਸ ਨਗਰ ਵਿਖੇ ਆਪਣੀ ਪ੍ਰਤੀ ਬੇਨਤੀ ਦੇ ਸਕਦਾ ਹੈ।ਉਪਰੋਕਤ ਤੋਂ ਇਲਾਵਾ ਜੇਕਰ ਕੋਈ ਵੀ ਹੋਰ ਉਮੀਦਵਾਰ ਉਪਰੋਕਤ ਲਿਸਟ ਅਨੁਸਾਰ ਆਖਰੀ ਉਮੀਦਵਾਰ ਤੋਂ ਵੱਧ ਮੈਰਿਟ ਕਲੇਮ ਕਰਦਾ ਹੈ ਤਾਂ ਉਹ ਵੀ ਆਪਣੀ ਪ੍ਰਤੀ ਬੇਨਤੀ ਦੇ ਸਕਦਾ ਹੈ।ਜੇਕਰ ਕਿਸੇ ਵੀ ਉਮੀਦਵਾਰ ਵੱਲੋਂ ਇਸ ਦਫਤਰ ਵਿਖੇ ਮੈਰਿਟ ਸਬੰਧੀ ਕੋਈ ਪ੍ਰਤੀ ਬੇਨਤੀ ਨਹੀਂ ਦਿੱਤੀ ਗਈ, ਤਾਂ ਇਹ ਸਮਝਿਆ ਜਾਵੇਗਾ ਕਿ ਉਸ ਉਮੀਦਵਾਰ ਨੂੰ ਇਸ ਮੈਰਿਟ ਸਬੰਧੀ ਕੋਈ ਵੀ ਇਤਰਾਜ਼ ਨਹੀਂ ਹੈ।ਮਿਤੀ 10.01.2015 ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਤੇ ਕੋਈ ਵੀ ਵਿਚਾਰ ਨਹੀਂ ਕੀਤਾ ਜਾਵੇਗਾ।

30/12/14

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।